ਭਾਸ਼ਾ ਵਿਭਾਗ, ਪੰਜਾਬ

ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਲਈ ਨਿਯਮ

1. ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਰਵੋਤਮ ਪੁਰਸਕਾਰ ਮੁਕਾਬਲੇ ਵਿੱਚ ਤਿੰਨੇ ਮੁਲਾਂਕਣਕਾਰਾਂ ਵੱਲੋਂ (60 ਫੀਸਦੀ ਤੋਂ ਵੱਧ) ਪ੍ਰਾਪਤ ਅੰਕਾਂ ਦੇ ਆਧਾਰ 'ਤੇ ਦਿੱਤੇ ਜਾਣਗੇ। ਮੁਕਾਬਲੇ ਲਈ ਪੁਸਤਕਾਂ ਮੁਲਾਂਕਣ ਭੇਜਣ ਤੋਂ ਪਹਿਲਾਂ ਵਿਭਾਗੀ ਕਮੇਟੀ ਪੁਸਤਕਾਂ ਦੇ ਮਿਆਰ ਅਤੇ ਵਿਧਾ ਦੀ ਪੜਤਾਲ ਕਰੇਗੀ।
2. ਪੰਜਾਬੀ ਸਾਹਿਤਕ ਪੁਰਸਕਾਰਾਂ ਲਈ ਸੰਸਾਰ ਵਿੱਚ ਵਸਦਾ ਕੋਈ ਵੀ ਪੰਜਾਬੀ ਇਸ ਵਿੱਚ ਭਾਗ ਲੈ ਸਕਦਾ ਹੈ ਪਰ ਇਸ ਵਿੱਚ ਭਾਸ਼ਾ ਵਿਭਾਗ ਦੇ ਮੌਜੂਦਾ ਕਰਮਚਾਰੀ ਭਾਗ ਲੈਣ ਦੇ ਹੱਕਦਾਰ ਨਹੀਂ ਹੋਣਗੇ।
3. ਮੁਕਾਬਲੇ ਲਈ ਕੇਵਲ ਉਹੀ ਪੁਸਤਕ ਵਿਚਾਰੀ ਜਾਵੇਗੀ ਜੋ ਅਧਿਸੂਚਿਤ ਸਮੇਂ/ਸਾਲ ਦੌਰਾਨ ਪ੍ਰਕਾਸ਼ਿਤ ਹੋਈ ਹੋਵੇ ਅਤੇ ਜਿਸ 'ਤੇ ਆਈ.ਐੱਸ.ਬੀ.ਐੱਨ. ਨੰਬਰ ਹੋਣਾ ਲਾਜ਼ਮੀ ਹੈ।
4. ਪੰਜਾਬੀ ਭਾਸ਼ਾ ਲਈ ਪੁਰਸਕਾਰ ਹੇਠ ਲਿਖੇ ਅਨੁਸਾਰ ਹੋਣਗੇ:

(ੳ) ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ/ਸਵੈ-ਜੀਵਨੀ/ਯਾਦਾਂ/ਰੇਖਾ ਚਿੱਤਰ)

(ਅ) ਨਾਨਕ ਸਿੰਘ ਪੁਰਸਕਾਰ (ਨਾਵਲ)

(ੲ) ਪ੍ਰਿੰ. ਸੁਜਾਨ ਸਿੰਘ ਪੁਰਸਕਾਰ (ਕਹਾਣੀ/ਮਿੰਨੀ ਕਹਾਣੀ ਸੰਗ੍ਰਹਿ)

(ਸ) ਗੁਰਬਖਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ/ਵਿਅੰਗ)

(ਹ) ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਪੁਰਸਕਾਰ (ਕਵਿਤਾ)

(ਕ) ਈਸ਼ਵਰ ਚੰਦਰ ਨੰਦਾ ਪੁਰਸਕਾਰ (ਨਾਟਕ/ਇਕਾਂਗੀ)

(ਖ) ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ)

(ਗ) ਐੱਮ. ਐੱਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ/ ਸੰਪਾਦਨ)

(ਘ) ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ)

(ਙ) ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ/ਖੋਜ)

(ਚ) ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਟੀਕਾਕਾਰੀ/ਕੋਸ਼ਕਾਰੀ/ਭਾਸ਼ਾਵਿਗਿਆਨ/ਵਿਆਕਰਣ/ਹਵਾਲਾ ਗ੍ਰੰਥ)

5. ਮੁਕਾਬਲੇ ਲਈ ਪੁਸਤਕ ਭੇਜਣ ਸਮੇਂ ਲੇਖਕ ਇਹ ਸਰਟੀਫਿਕੇਟ ਵੀ ਦੇਵੇਗਾ ਕਿ ਪੁਸਤਕ ਭਾਸ਼ਾ ਵਿਭਾਗ ਦੇ ਕਿਸੇ ਹੋਰ ਮੁਕਾਬਲੇ ਵਿੱਚ ਪਹਿਲਾਂ ਭੇਜੀ ਨਹੀਂ ਗਈ ਅਤੇ ਇਹ ਪੁਸਤਕ ਦਾ ਨਿਰੋਲ ਪੰਜਾਬੀ ਵਿਚ ਪਹਿਲਾ ਐਡੀਸ਼ਨ ਹੈ।
6. ਵਿਭਾਗ ਨੂੰ ਹੱਕ ਹੋਵੇਗਾ ਕਿ ਅਜਿਹੀਆਂ ਪੁਸਤਕਾਂ ਮੁਕਾਬਲੇ ਵਿੱਚ ਸ਼ਾਮਲ ਨਾ ਕਰੇ ਜਿਨ੍ਹਾਂ ਵਿੱਚ ਕੋਈ ਇਤਰਾਜ਼ਯੋਗ ਸਮੱਗਰੀ ਹੋਵੇ।
7. ਅਜਿਹੀਆਂ ਪੁਸਤਕਾਂ ਨੂੰ ਵੀ ਪੁਰਸਕਾਰ ਲਈ ਵਿਚਾਰਿਆ ਜਾ ਸਕੇਗਾ ਜੋ ਲੇਖਕ ਨੇ ਖੁਦ ਨਾ ਭੇਜੀਆਂ ਹੋਣ, ਇਸ ਤਰ੍ਹਾਂ ਦੀਆਂ ਪੁਸਤਕਾਂ ਵਿਭਾਗ ਆਪਣੇ ਪੱਧਰ 'ਤੇ ਸ਼ਾਮਲ ਕਰ ਸਕੇਗਾ। ਸਬੰਧਤ ਪੁਸਤਕਾਂ ਦਾ ਅਧਿਸੂਚਿਤ ਸਮੇਂ/ਸਾਲ ਦੌਰਾਨ ਛਪਿਆ ਹੋਣਾ ਜ਼ਰੂਰੀ ਹੈ।
8. ਆਮ ਤੌਰ ਤੇ ਮੁਲਾਂਕਣ ਤਿੰਨ ਵਿਦਵਾਨਾਂ ਤੋਂ ਹੀ ਕਰਵਾਇਆ ਜਾਵੇਗਾ ਪਰ ਲੋੜ ਪੈਣ 'ਤੇ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਅਧਿਕਾਰ ਹੋਵੇਗਾ ਕਿ ਉਹ ਚੌਥਾ ਮੁਲਾਂਕਣਕਾਰ ਨਿਯੁਕਤ ਕਰ ਸਕੇ।
9. ਇੱਕ ਸਾਲ ਵਿੱਚ ਇੱਕ ਲੇਖਕ ਨੂੰ ਕੇਵਲ ਇੱਕ ਹੀ ਪੁਰਸਕਾਰ ਦਿੱਤਾ ਜਾਵੇਗਾ ਭਾਵੇਂ ਉਸ ਵੱਲੋਂ ਹੋਰ ਵੰਨਗੀਆਂ ਅਧੀਨ ਭੇਜੀਆਂ ਪੁਸਤਕਾਂ ਵੀ ਪੁਰਸਕਾਰ ਦੀਆਂ ਹੱਕਦਾਰ ਬਣ ਗਈਆਂ ਹੋਣ। ਇਸ ਨਿਯਮ ਅਧੀਨ ਜੇਕਰ ਇੱਕ ਲੇਖਕ ਦੀਆਂ ਦੋ ਜਾਂ ਦੋ ਤੋਂ ਵੱਧ ਪੁਸਤਕਾਂ ਵੱਖ ਵੱਖ ਵਰਗਾਂ (ਕੈਟਾਗਰੀਆਂ) ਅਧੀਨ ਪੁਰਸਕਾਰ ਲਈ ਚੁਣੀਆਂ ਜਾਣ ਤਾਂ ਇਹ ਪੁਰਸਕਾਰ ਕੇਵਲ ਇੱਕ ਵੰਨਗੀ ਵਿੱਚ ਹੀ ਲੇਖਕ (ਲੇਖਕ ਦੀ ਸਹਿਮਤੀ/ਪਸੰਦ ਅਨੁਸਾਰ) ਨੂੰ ਦਿੱਤਾ ਜਾਵੇਗਾ। ਇਸ ਉਪਰੰਤ ਦੂਸਰੀ ਵਿਧਾ ਦਾ ਪੁਰਸਕਾਰ ਦੂਜੇ ਨੰਬਰ ਤੇ ਆਉਣ ਵਾਲੀ ਪੁਸਤਕ ਨੂੰ ਦਿੱਤਾ ਜਾਵੇਗਾ।

10. ਕੋਈ ਵੀ ਲੇਖਕ ਇੱਕ ਵਿਧਾ ਵਿੱਚ ਇੱਕ ਵਾਰ ਹੀ ਪੁਰਸਕਾਰ ਹਾਸਲ ਕਰ ਸਕਦਾ ਹੈ। ਭਾਵ ਇੱਕ ਵਾਰ ਕਿਸੇ ਵਿਧਾ ਵਿੱਚ ਪੁਰਸਕਾਰ ਪ੍ਰਾਪਤ ਕਰਨ ਉਪਰੰਤ ਦੁਬਾਰਾ ਉਸੇ ਵਿਧਾ ਵਿੱਚ ਬਿਨੈ ਪੱਤਰ (ਪੁਸਤਕ) ਨਹੀਂ ਦੇ ਸਕਦਾ। ਬਲਕਿ ਕਿਸੇ ਹੋਰ ਵਿਧਾ ਵਿੱਚ ਪੁਰਸਕਾਰ ਲਈ ਬਿਨੈ ਪੱਤਰ ਦੇ ਸਕਦਾ ਹੈ ਅਤੇ ਲਗਾਤਾਰ ਵੱਖ ਵੱਖ ਵਿਧਾਵਾਂ ਵਿੱਚ ਪੁਰਸਕਾਰ ਹਾਸਲ ਕਰ ਸਕਦਾ ਹੈ।

11. ਭਾਰਤੀ ਸਾਹਿਤ ਅਕਾਦਮੀ ਪੁਰਸਕਾਰ, ਸਾਹਿਤ ਰਤਨ ਪੁਰਸਕਾਰ ਅਤੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਪ੍ਰਾਪਤ ਕਰ ਚੁੱਕੇ ਲੇਖਕ ਉਪਰੋਕਤ ਪੁਰਸਕਾਰਾਂ ਲਈ ਬਿਨੈ ਪੱਤਰ (ਪੁਸਤਕ) ਨਹੀਂ ਦੇ ਸਕਦਾ।

ਭਾਰਤੀ ਸਾਹਿਤ ਅਕਾਦਮੀ ਦੀ ਯੁਵਾ ਸਾਹਿਤ ਪੁਰਸਕਾਰ ਪ੍ਰਾਪਤ ਪੁਸਤਕ ਇਨ੍ਹਾਂ ਪੁਰਸਕਾਰਾਂ (ਮੁਕਾਬਲਿਆਂ) ਵਿੱਚ ਵਿਚਾਰੀ ਨਹੀਂ ਜਾਵੇਗੀ।

ਪਹਿਲਾਂ ਕਿਸੇ ਵੀ ਰੂਪ ਵਿੱਚ ਛਪੀ ਸਮੱਗਰੀ ਨੂੰ ਨਵੀਂ ਪੁਸਤਕ ਦੇ ਰੂਪ ਵਿੱਚ ਛਾਪ ਕੇ ਪੁਰਸਕਾਰ ਲਈ ਬਿਨੈ ਪੱਤਰ ਨਹੀਂ ਦਿੱਤਾ ਜਾ ਸਕਦਾ। ਭਾਵ ਇੱਕ ਜਾਂ ਇੱਕ ਤੋਂ ਵਧੇਰੇ ਭਾਗਾਂ ਵਿੱਚ ਛਪੀਆਂ ਪੁਸਤਕਾਂ ਨੂੰ ਸੰਪਾਦਿਤ ਕਰਕੇ ਇੱਕ ਪੁਸਤਕ ਦੇ ਰੂਪ ਵਿੱਚ ਛਪਵਾ ਕੇ ਪੁਰਸਕਾਰ ਲਈ ਬਿਨੈ ਪੱਤਰ ਨਹੀਂ ਦਿੱਤਾ ਜਾ ਸਕਦਾ।

12. ਬਿਨੈ ਪੱਤਰ ਭੇਜਣ ਵਾਲਾ ਲੇਖਕ ਇਹ ਤਸਦੀਕ ਕਰੇਗਾ ਕਿ ਉਸ ਨੇ ਉਪਰੋਕਤ ਨਿਯਮਾਂ ਨੂੰ ਧਿਆਨ ਨਾਲ ਪੜ੍ਹ ਲਿਆ ਹੈ ਅਤੇ ਉਹ ਇਨ੍ਹਾਂ ਨਿਯਮਾਂ ਦੇ ਆਧਾਰ 'ਤੇ ਹੀ ਆਪਣੀ ਪੁਸਤਕ ਮੁਕਾਬਲੇ ਲਈ ਭੇਜ ਰਿਹਾ ਹੈ।

13. ਡਾਇਰੈਕਟਰ, ਭਾਸ਼ਾ ਵਿਭਾਗ ਨਿਯਮਾਂ ਵਿੱਚ ਕਿਸੇ ਸਮੇਂ ਵੀ ਤਬਦੀਲੀ ਕਰਨ ਲਈ ਸਮਰੱਥ ਅਧਿਕਾਰੀ ਹੋਣਗੇ।

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

## ਭਾਸ਼ਾ ਵਿਭਾਗ, ਪੰਜਾਬ
## ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰ ਲਈ ਬਿਨੈਪੱਤਰ

1. ਪੁਸਤਕ ਦਾ ਨਾਂ........................................................................................................
2. ਵਿਧਾ/ਵੰਨਗੀ..........................................................................................................
3. ਲੇਖਕ ਦਾ ਨਾਂ................................................................ ਮੋਬਾਈਲ ਨੰਬਰ................................
4. ਪੁਰਸਕਾਰ ਦਾ ਨਾਂ....................................................................................................
5. ਪੁਸਤਕ ਪ੍ਰਕਾਸ਼ਨ ਸਾਲ..............................................................................................
6. ਕੀ ਪੁਸਤਕ ਮੌਲਿਕ ਹੈ? ..........................................................................................
7. ਲੇਖਕ ਦਾ ਪੂਰਾ ਪਤਾ................................................................................................
8. ਕੀ ਲੇਖਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਕੋਈ ਪੁਰਸਕਾਰ ਮਿਲਿਆ ਹੋਇਆ ਹੈ? ਹਾਂ / ਨਹੀਂ ............

   ਜੇ ਹਾਂ ਤਾਂ ਵੇਰਵਾ ਦਿੱਤਾ ਜਾਵੇ ..................................................................................
9. ਕੀ ਲੇਖਕ ਨੂੰ ਭਾਸ਼ਾ ਵਿਭਾਗ ਪੰਜਾਬ ਤੋਂ ਕੋਈ ਪੁਰਸਕਾਰ ਮਿਲਿਆ ਹੈ? ਹਾਂ / ਨਹੀਂ ..............................

   ਜੇਕਰ ਹਾਂ ਤਾਂ ਵੇਰਵਾ ਦਿੱਤਾ ਜਾਵੇ:

   (ੳ) ਸਾਲ...............................................(ਅ) ਪੁਰਸਕਾਰ ਦਾ ਨਾਂ...........................................

   (ੲ) ਪੁਸਤਕ ਦਾ ਨਾਂ ....................................................................................................

<u>ਨੋਟ:</u> ਬਿਨੈ ਪੱਤਰ ਦੇ ਨਾਲ ਸਬੰਧਤ ਪੁਸਤਕ ਦੀਆਂ ਚਾਰ ਕਾਪੀਆਂ ਜਮ੍ਹਾਂ ਕਰਵਾਉਣੀਆਂ ਵੀ ਲਾਜ਼ਮੀ ਹਨ। ਇਸ ਤੋਂ ਬਿਨਾਂ ਪੁਸਤਕ ਪੁਰਸਕਾਰ ਲਈ ਵਿਚਾਰੀ ਨਹੀਂ ਜਾਵੇਗੀ।

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਮੁਕਾਬਲੇ ਦੇ ਨਿਯਮ ਧਿਆਨ ਪੂਰਵਕ ਪੜ੍ਹ ਲਏ ਹਨ ਅਤੇ ਇਹਨਾਂ ਨਿਯਮਾਂ ਦੇ ਆਧਾਰ ਤੇ ਇਹ ਪੁਸਤਕ ਮੁਕਾਬਲੇ ਲਈ ਭੇਜ ਰਿਹਾ ਹਾਂ।

ਬਿਨੈਕਾਰ ਦੇ ਹਸਤਾਖ਼ਰ.........................................

ਲੇਖਕ/ਪ੍ਰਕਾਸ਼ਕ/ਜਾਂ ਕੋਈ ਹੋਰ..................................

ਪਤਾ/ਮੋਬਾਈਲ ਨੰਬਰ ਸਮੇਤ..................................